**ਵਾਚਕ:** ਇਸ ਵੀਡੀਓ ਵਿੱਚ ਰਫ਼ਿਊਜੀ ਦਾਅਵੇ ਦੀਆਂ ਸੁਣਵਾਈਆਂ ਬਾਰੇ ਸਹਾਇਕ ਜਾਣਕਾਰੀ ਹੈ। ਹੋਰ ਵੇਰਵੇ ਅਤੇ ਅੱਪਡੇਟ ਸਾਡੀ ਵੈੱਬਸਾਈਟ irb.gc.ca 'ਤੇ ਉਪਲਬਧ ਹਨ।

**ਸੰਗੀਤ:** ਸਾਰੇ ਵੀਡੀਓ ਦੌਰਾਨ ਹਲਕਾ ਜਿਹਾ ਬੈਕਗ੍ਰਾਊਂਡ ਸੰਗੀਤ ਚਲਦਾ ਹੈ।

**ਵਾਚਕ:** ਇਮੀਗ੍ਰੇਸ਼ਨ ਐਂਡ ਰਫਿਊਜੀ ਬੋਰਡ ਆਫ਼ ਕੈਨੇਡਾ, ਜਾਂ IRB, ਕੈਨੇਡਾ ਦਾ ਸਭ ਤੋਂ ਵੱਡਾ ਪ੍ਰਬੰਧਕੀ ਟ੍ਰਿਬਿਊਨਲ ਹੈ।

**ਵਾਚਕ:** ਇਹ ਇਮੀਗ੍ਰੇਸ਼ਨ ਅਤੇ ਰਫ਼ਿਊਜੀ ਕੇਸਾਂ 'ਤੇ ਕੁਸ਼ਲਤਾ ਅਤੇ ਨਿਰਪੱਖਤਾ ਦੇ ਨਾਲ ਅਤੇ ਕਾਨੂੰਨ ਦੇ ਅਨੁਸਾਰ, ਤਰਕਪੂਰਨ ਫੈਸਲੇ ਲੈਣ ਲਈ ਜ਼ਿੰਮੇਵਾਰ ਹੈ।

**ਵਾਚਕ:** ਰਫ਼ਿਊਜੀ ਪ੍ਰੋਟੈਕਸ਼ਨ ਡਿਵੀਜ਼ਨ, ਜਾਂ RPD, IRB ਦੀ ਇੱਕ ਡਿਵੀਜ਼ਨ ਹੈ। RPD ਇਹ ਫੈਸਲਾ ਕਰਨ ਲਈ ਜ਼ਿੰਮੇਵਾਰ ਹੈ ਕਿ ਹਰ ਸਾਲ ਕੈਨੇਡਾ ਆਉਣ ਵਾਲੇ ਹਜ਼ਾਰਾਂ ਦਾਅਵੇਦਾਰਾਂ ਵਿੱਚੋਂ ਕੌਣ ਰਫ਼ਿਊਜੀ ਸੁਰੱਖਿਆ ਲਈ ਯੋਗ ਹੈ।

**ਵਾਚਕ:** ਜਦੋਂ ਤੁਸੀਂ ਪਹਿਲੀ ਵਾਰ ਰਫ਼ਿਊਜੀ ਸੁਰੱਖਿਆ ਦੀ ਮੰਗ ਕਰਦੇ ਹੋ, ਤਾਂ ਇਮੀਗ੍ਰੇਸ਼ਨ, ਰਫ਼ਿਊਜੀਜ਼ ਐਂਡ ਸਿਟਿਜ਼ਨਸ਼ਿਪ ਕੈਨੇਡਾ ਜਾਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦਾ ਅਫਸਰ ਫੈਸਲਾ ਕਰਦਾ ਹੈ ਕਿ ਕੀ ਤੁਸੀਂ ਰਫ਼ਿਊਜੀ ਦਾ ਦਾਅਵਾ ਕਰਨ ਦੇ ਯੋਗ ਹੋ। ਜੇਕਰ ਤੁਸੀਂ ਯੋਗ ਹੋ, ਤਾਂ ਤੁਹਾਡਾ ਦਾਅਵਾ RPD ਨੂੰ ਭੇਜਿਆ ਜਾਂਦਾ ਹੈ।

**ਵਾਚਕ:** RPD ਵਿਖੇ, ਫੈਸਲਾ ਲੈਣ ਵਾਲੇ ਨੂੰ ਮੈਂਬਰ ਕਿਹਾ ਜਾਂਦਾ ਹੈ। ਮੈਂਬਰ ਇਹ ਫੈਸਲਾ ਕਰੇਗਾ ਕਿ ਕੀ ਤੁਸੀਂ ਰਫ਼ਿਊਜੀ ਸੁਰੱਖਿਆ ਲਈ ਯੋਗ ਹੋ, ਅਤੇ ਉਸ ਸਥਿਤੀ ਵਿੱਚ, ਕੀ ਤੁਸੀਂ ਇੱਕ ਕਨਵੈਨਸ਼ਨ ਰਫ਼ਿਊਜੀ ਜਾਂ ਸੁਰੱਖਿਆ ਦੀ ਲੋੜ ਵਾਲਾ ਵਿਅਕਤੀ ਹੋ।

**ਵਾਚਕ:** ਇੱਕ *ਕਨਵੈਨਸ਼ਨ ਰਫ਼ਿਊਜੀ* ਉਹ ਵਿਅਕਤੀ ਹੁੰਦਾ ਹੈ ਜੋ ਆਪਣੇ ਗ੍ਰਹਿ ਦੇਸ਼ ਜਾਂ ਉਸ ਦੇਸ਼ ਤੋਂ ਬਾਹਰ ਹੈ ਜਿਸ ਵਿੱਚ ਉਹ ਆਮ ਤੌਰ 'ਤੇ ਰਹਿੰਦਾ ਹੈ। ਉਹ ਆਪਣੀ ਨਸਲ, ਧਰਮ, ਰਾਸ਼ਟਰੀਅਤਾ, ਰਾਜਨੀਤਿਕ ਰਾਏ, ਜਾਂ ਕਿਸੇ ਖਾਸ ਸਮਾਜਿਕ ਸਮੂਹ ਵਿੱਚ ਮੈਂਬਰਸ਼ਿਪ ਦੇ ਕਾਰਨ ਸਤਾਏ ਜਾਣ ਦੇ ਅਸਲੀ ਅਤੇ ਨਿਰਪੱਖ ਤੌਰ 'ਤੇ ਜਾਇਜ਼ ਡਰ ਦੇ ਕਾਰਨ ਆਪਣੇ ਦੇਸ਼ ਵਾਪਸ ਨਹੀਂ ਜਾ ਸਕਦੇ।

**ਵਾਚਕ:** *ਸੁਰੱਖਿਆ ਦੀ ਲੋੜ ਵਾਲਾ ਵਿਅਕਤੀ* ਕੈਨੇਡਾ ਵਿੱਚ ਉਹ ਵਿਅਕਤੀ ਹੁੰਦਾ ਹੈ ਜੋ ਸੁਰੱਖਿਅਤ ਢੰਗ ਨਾਲ ਉਨ੍ਹਾਂ ਦੇ ਗ੍ਰਹਿ ਦੇਸ਼ ਵਾਪਸ ਨਹੀਂ ਜਾ ਸਕਦਾ। ਜੇਕਰ ਉਹ ਵਾਪਸ ਜਾਂਦੇ ਹਨ, ਤਾਂ ਉਹਨਾਂ ਨੂੰ ਤਸੀਹੇ, ਉਨ੍ਹਾਂ ਦੀ ਜਾਨ ਨੂੰ ਖ਼ਤਰਾ, ਜਾਂ ਅੱਤਿਆਚਾਰੀ ਅਤੇ ਅਸਾਧਾਰਨ ਵਿਵਹਾਰ ਜਾਂ ਸਜ਼ਾ ਦੇ ਜੋਖਮ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਵਾਚਕ:** ਤੁਹਾਨੂੰ ਤੁਹਾਡੇ ਰਫ਼ਿਊਜੀ ਦਾਅਵੇ ਬਾਰੇ ਮਹੱਤਵਪੂਰਨ ਜਾਣਕਾਰੀ ਲਈ ਰਫ਼ਿਊਜੀ ਪ੍ਰੋਟੈਕਸ਼ਨ ਡਿਵੀਜ਼ਨ ਦੀ ਵੀਡੀਓ ਲੜੀ ਦੇਖਣ ਲਈ ਸੱਦਾ ਦਿੱਤਾ ਜਾਂਦਾ ਹੈ।

**ਵਾਚਕ:** ਚਾਰ ਵੀਡੀਓਜ਼ ਦੀ ਇਹ ਲੜੀ ਤੁਹਾਡੇ ਰਫ਼ਿਊਜੀ ਦਾਅਵੇ ਨੂੰ ਸ਼ੁਰੂ ਕਰਨ ਅਤੇ RPD ਨਾਲ ਆਪਣੀ ਸੁਣਵਾਈ ਦੀ ਤਿਆਰੀ ਕਰਨ ਵੇਲੇ ਤੁਹਾਡੇ ਕੋਲ ਹੋ ਸਕਣ ਵਾਲੇ ਮਹੱਤਵਪੂਰਨ ਸਵਾਲਾਂ ਦੇ ਜਵਾਬ ਦੇਵੇਗੀ।

**ਵਾਚਕ:** ਅਸੀਂ ਤੁਹਾਨੂੰ ਲੜੀ ਦੇ ਸਾਰੇ ਚਾਰ ਵੀਡੀਓ ਦੇਖਣ ਲਈ ਉਤਸ਼ਾਹਿਤ ਕਰਦੇ ਹਾਂ। ਆਓ ਦੇਖੀਏ ਕਿ ਹਰੇਕ ਵੀਡੀਓ ਕਿਸ ਬਾਰੇ ਹੈ।

**ਵਾਚਕ:** ਪਹਿਲੇ ਵੀਡੀਓ ਦਾ ਨਾਮ, "ਆਪਣੇ ਰਫ਼ਿਊਜੀ ਸੁਰੱਖਿਆ ਦਾਅਵੇ ਲਈ ਸਬੂਤ ਕਿਵੇਂ ਇਕੱਠੇ ਅਤੇ ਜਮ੍ਹਾਂ ਕਰਨੇ ਹਨ", ਹੈ। ਇਹ ਵੀਡੀਓ ਸ਼ੁਰੂਆਤ ਕਰਨ ਲਈ ਇੱਕ ਚੰਗੀ ਜਗ੍ਹਾ ਹੈ। ਇਹ ਤੁਹਾਨੂੰ ਕੈਨੇਡਾ ਵਿੱਚ ਰਫ਼ਿਊਜੀ ਦਾਅਵੇ ਦੀ ਪ੍ਰਕਿਰਿਆ ਦੀ ਸੰਖੇਪ ਜਾਣਕਾਰੀ ਦਿੰਦਾ ਹੈ।

**ਵਾਚਕ:** ਇਸ ਵੀਡੀਓ ਵਿੱਚ, ਤੁਸੀਂ ਆਪਣੇ ਦਾਅਵੇ ਦਾ ਸਮਰਥਨ ਲਈ ਇਕੱਠੇ ਕੀਤੇ ਜਾਣ ਵਾਲੇ ਲੋੜੀਂਦੇ ਵੱਖ-ਵੱਖ ਕਿਸਮਾਂ ਦੇ ਸਬੂਤਾਂ, ਅਤੇ ਇਹ ਸਬੂਤ RPD ਨੂੰ ਕਿਵੇਂ ਜਮ੍ਹਾਂ ਕਰਨੇ ਹਨ, ਬਾਰੇ ਜਾਣੋਗੇ। ਤੁਸੀਂ ਇਹ ਵੀ ਜਾਣੋਗੇ ਕਿ ਰਫ਼ਿਊਜੀ ਦਾਅਵੇ ਦੀ ਪ੍ਰਕਿਰਿਆ ਦੌਰਾਨ ਤੁਹਾਡੀ ਮਦਦ ਕੌਣ ਕਰ ਸਕਦਾ ਹੈ।

**ਵਾਚਕ:** ਵੀਡੀਓ ਬੇਸਿਸ ਔਫ ਕਲੇਮ ਫਾਰਮ, ਯਾਨੀ ਉਹ ਫਾਰਮ ਜੋ ਤੁਹਾਡੇ ਦਾਅਵੇ ਦਾ ਆਧਾਰ ਹੈ ਅਤੇ ਇਹ ਫਾਰਮ ਤੁਹਾਡੇ ਦਾਅਵੇ ਲਈ ਕਿਉਂ ਮਹੱਤਵਪੂਰਨ ਹੈ, ਬਾਰੇ ਵੀ ਗੱਲ ਕਰਦਾ ਹੈ। ਬੇਸਿਸ ਔਫ ਕਲੇਮ ਫਾਰਮ ਤੁਹਾਨੂੰ ਇਹ ਦੱਸਣ ਵਿੱਚ ਮਦਦ ਕਰਦਾ ਹੈ ਕਿ ਤੁਸੀਂ ਕੌਣ ਹੋ, ਅਤੇ ਤੁਸੀਂ ਕੈਨੇਡਾ ਵਿੱਚ ਰਫ਼ਿਊਜੀ ਸੁਰੱਖਿਆ ਦਾ ਦਾਅਵਾ ਕਿਉਂ ਕਰ ਰਹੇ ਹੋ। ਇਹ ਬਹੁਤ ਮਹੱਤਵਪੂਰਨ ਹੈ ਕਿ ਤੁਹਾਡੇ ਬੇਸਿਸ ਔਫ ਕਲੇਮ ਫਾਰਮ ਵਿੱਚ ਸਭ ਕੁਝ ਪੂਰਾ, ਸੱਚਾ ਅਤੇ ਸਹੀ ਹੋਵੇ, ਕਿਉਂਕਿ ਇਹ ਜਾਣਕਾਰੀ RPD ਮੈਂਬਰ ਨੂੰ ਤੁਹਾਡੇ ਰਫ਼ਿਊਜੀ ਦਾਅਵੇ ਦਾ ਫੈਸਲਾ ਕਰਨ ਵਿੱਚ ਮਦਦ ਕਰਦੀ ਹੈ।

**ਵਾਚਕ:** ਦੂਜੇ ਵੀਡੀਓ ਦਾ ਨਾਮ, "ਆਪਣੀ ਸੁਣਵਾਈ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਤੁਹਾਨੂੰ ਕੀ ਜਾਣਨ ਦੀ ਲੋੜ ਹੈ", ਹੈ। ਇਹ ਵੀਡੀਓ ਤੁਹਾਨੂੰ RPD ਨਾਲ ਤੁਹਾਡੀ ਸੁਣਵਾਈ ਲਈ ਤਿਆਰੀ ਕਰਨ ਵਿੱਚ ਮਦਦ ਕਰੇਗਾ।

**ਵਾਚਕ:** ਵੀਡੀਓ ਵਿੱਚ ਦੱਸਿਆ ਗਿਆ ਹੈ ਕਿ ਤੁਸੀਂ ਆਪਣੀ ਸੁਣਵਾਈ ਦੀ ਮਿਤੀ ਅਤੇ ਸਮਾਂ ਦਾ ਕਿਵੇਂ ਪਤਾ ਕਰੋਗੇ।

**ਵਾਚਕ:** ਤੁਸੀਂ ਇਸ ਬਾਰੇ ਵੀ ਹੋਰ ਜਾਣੋਗੇ ਕਿ ਸੁਣਵਾਈ ਪ੍ਰਕਿਰਿਆ ਦੌਰਾਨ ਤੁਹਾਡੀ ਮਦਦ ਕੌਣ ਕਰ ਸਕਦਾ ਹੈ। ਉਦਾਹਰਣ ਵਜੋਂ, ਤੁਸੀਂ ਕਿਸੇ ਵਕੀਲ, ਇਮੀਗ੍ਰੇਸ਼ਨ ਕਨਸਲਟੈਂਟ, ਨੋਟਰੀ ਪਬਲਿਕ, ਜਾਂਪੈਰਾਲੀਗਲ ਨੂੰ ਆਪਣੇ ਵਕੀਲ ਵਜੋਂ ਨਿਯੁਕਤ ਕਰ ਸਕਦੇ ਹੋ, ਜਾਂ ਤੁਸੀਂ ਇੱਕ ਪਰਿਵਾਰਕ ਮੈਂਬਰ ਜਾਂ ਦੋਸਤ ਨੂੰ ਵੀ ਆਪਣੀ ਨੁਮਾਇੰਦਗੀ ਕਰਨ ਲਈ ਕਹਿ ਸਕਦੇ ਹੋ। ਤੁਸੀਂ ਆਪਣੀ ਨੁਮਾਇੰਦਗੀ ਖੁਦ ਵੀ ਕਰ ਸਕਦੇ ਹੋ।

**ਵਾਚਕ:** ਤੁਸੀਂ ਇਹ ਵੀ ਜਾਣੋਗੇ ਕਿ ਤੁਹਾਡੀ ਸੁਣਵਾਈ 'ਤੇ ਤੁਹਾਡੇ, ਤੁਹਾਡੇ ਵਕੀਲ ਅਤੇ RPD ਮੈਂਬਰ ਤੋਂ ਇਲਾਵਾ ਹੋਰ ਕੌਣ-ਕੌਣ ਮੌਜੂਦ ਹੋ ਸਕਦਾ ਹੈ, ਅਤੇ ਉਹ ਉੱਥੇ ਕਿਉਂ ਹਨ।

**ਵਾਚਕ:** ਇਸ ਵਿੱਚ ਮੰਤਰੀ ਦਾ ਵਕੀਲ, ਦੁਭਾਸ਼ੀਆ, ਗਵਾਹ ਅਤੇ ਨਿਰੀਖਕ ਸ਼ਾਮਲ ਹੋ ਸਕਦੇ ਹਨ।

**ਵਾਚਕ:** ਇਹ ਵੀਡੀਓ ਤੁਹਾਨੂੰ ਦੱਸਦਾ ਹੈ ਕਿ ਵਰਚੁਅਲ ਸੁਣਵਾਈ ਕਿਵੇਂ ਕੰਮ ਕਰਦੀ ਹੈ, ਅਤੇ ਤੁਹਾਨੂੰ ਆਪਣੀ ਸੁਣਵਾਈ ਦੀ ਤਿਆਰੀ ਕਿਵੇਂ ਕਰਨੀ ਹੈ ਇਸ ਬਾਰੇ ਮਦਦਗਾਰ ਸੁਝਾਅ ਦਿੰਦਾ ਹੈ।

**ਵਾਚਕ:** ਜੇਕਰ ਤੁਹਾਨੂੰ ਕਿਸੇ ਵੱਖਰੀ ਕਿਸਮ ਦੀ ਸੁਣਵਾਈ ਦੀ ਲੋੜ ਹੈ, ਜਿਵੇਂ ਕਿ IRB ਦਫਤਰ ਵਿੱਚ ਵਿਅਕਤੀਗਤ ਸੁਣਵਾਈ, ਤਾਂ ਇਹ ਵੀਡੀਓ ਤੁਹਾਨੂੰ ਦੱਸਦਾ ਹੈ ਕਿ ਉਹ ਬੇਨਤੀ ਕਿਵੇਂ ਕਰਨੀ ਹੈ।

**ਵਾਚਕ:** ਤੀਜੇ ਵੀਡੀਓ ਦਾ ਨਾਮ, "ਤੁਹਾਡੀ ਰਫ਼ਿਊਜੀ ਸੁਰੱਖਿਆ ਸੁਣਵਾਈ", ਹੈ। ਇਹ ਵੀਡੀਓ ਪੂਰੀ ਤਰ੍ਹਾਂ ਨਾਲ ਤੁਹਾਡੀ ਸੁਣਵਾਈ ਵਾਲੇ ਦਿਨ ਬਾਰੇ ਹੈ।

**ਵਾਚਕ:** ਇਹ ਦੱਸਦਾ ਹੈ ਕਿ ਤੁਹਾਡੀ ਸੁਣਵਾਈ ਕਿਵੇਂ ਅੱਗੇ ਵਧੇਗੀ, ਅਤੇ ਪੁੱਛਗਿੱਛ ਕਿਵੇਂ ਕੰਮ ਕਰਦੀ ਹੈ।

**ਵਾਚਕ:** ਤੁਸੀਂ ਕੁਝ ਕਾਨੂੰਨੀ ਮੁੱਦਿਆਂ ਬਾਰੇ ਵੀ ਜਾਣੋਗੇ ਜਿਨ੍ਹਾਂ 'ਤੇ ਤੁਹਾਡੀ ਸੁਣਵਾਈ ਵਿੱਚ ਵਿਚਾਰ ਕੀਤਾ ਜਾ ਸਕਦਾ ਹੈ। ਇਹਨਾਂ ਵਿੱਚ ਪਛਾਣ, ਭਰੋਸੇਯੋਗਤਾ, ਦੇਸ਼ ਵਲੋਂ ਪ੍ਰਦਾਨ ਕੀਤੀ ਜਾਣ ਵਾਲੀ ਸੁਰੱਖਿਆ, ਅਤੇ ਇੰਟਰਨਲ

| |
|---|
| ਫਲਾਇਟ ਓਲਟਰਨੇਟਿਵ ਯਾਨੀ ਉਸੇ ਦੇਸ਼ ਦੇ ਕਿਸੇ ਹੋਰ ਹਿੱਸੇ ਵਿੱਚ ਰਹਿਣ ਚਲੇ ਜਾਣਾ, ਵਰਗੇ ਮੁੱਦੇ ਸ਼ਾਮਲ ਹੋ ਸਕਦੇ ਹਨ। |
| **ਵਾਚਕ:** ਵੀਡੀਓ ਇਹ ਵੀ ਦੱਸਦਾ ਹੈ ਕਿ RPD ਤੁਹਾਨੂੰ ਤੁਹਾਡੇ ਦਾਅਵੇ 'ਤੇ ਮੈਂਬਰ ਦੇ ਫੈਸਲੇ ਬਾਰੇ ਕਿਵੇਂ ਦੱਸੇਗੀ, ਅਤੇ ਆਪਣਾ ਫੈਸਲਾ ਪ੍ਰਾਪਤ ਕਰਨ ਤੋਂ ਬਾਅਦ ਤੁਸੀਂ ਕਿਹੜੇ ਕਦਮ ਚੁੱਕ ਸਕਦੇ ਹੋ। |
| **ਵਾਚਕ:** ਚੌਥੇ ਅਤੇ ਆਖਰੀ ਵੀਡੀਓ ਦਾ ਨਾਮ, "ਰਫ਼ਿਊਜੀ ਦਾਅਵੇ ਦੀਆਂ ਪ੍ਰਕਿਰਿਆਵਾਂ ਅਤੇ ਕਾਰਜਵਿਧੀਆਂ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣਾ", ਹੈ। ਇਹ ਵੀਡੀਓ ਰਫ਼ਿਊਜੀ ਦਾਅਵੇ ਦੀ ਪ੍ਰਕਿਰਿਆ ਅਤੇ ਹੋਰ RPD ਕਾਰਜਵਿਧੀਆਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਹੈ। |
| **ਵਾਚਕ:** ਤੁਸੀਂ ਬੇਸਿਸ ਔਫ ਕਲੇਮ ਫਾਰਮ ਬਾਰੇ ਹੋਰ ਜਾਣੋਗੇ, ਜਿਸ ਵਿੱਚ ਫਾਰਮ ਜਮ੍ਹਾਂ ਕਰਨ ਦੀ ਆਖਰੀ ਮਿਤੀ, ਆਪਣੇ ਬੇਸਿਸ ਔਫ ਕਲੇਮ ਫਾਰਮ ਵਿੱਚ ਜਾਣਕਾਰੀ ਨੂੰ ਕਿਵੇਂ ਅਪਡੇਟ ਕਰਨਾ ਜਾਂ ਸ਼ਾਮਲ ਕਰਨਾ ਹੈ, ਅਤੇ ਫਾਰਮ ਨੂੰ RPD ਨੂੰ ਕਿਵੇਂ ਭੇਜਣਾ ਹੈ ਬਾਰੇ ਵੇਰਵੇ ਸ਼ਾਮਲ ਹਨ। |
| **ਵਾਚਕ:** ਤੁਸੀਂ ਆਪਣੇ ਦਾਅਵੇ ਨਾਲ ਸਬੰਧਤ ਹੋਰ ਮਹੱਤਵਪੂਰਨ ਆਖਰੀ ਮਿਤੀਆਂ ਬਾਰੇ ਵੀ ਜਾਣੋਗੇ, ਅਤੇ RPD ਨੂੰ ਦਸਤਾਵੇਜ਼ ਕਿਵੇਂ ਜਮ੍ਹਾਂ ਕਰਨੇ ਹਨ ਬਾਰੇ ਹੋਰ ਜਾਣੋਗੇ। ਵੀਡੀਓ ਤੁਹਾਨੂੰ ਦੱਸਦਾ ਹੈ ਕਿ ਜੇਕਰ ਤੁਹਾਨੂੰ ਦਸਤਾਵੇਜ਼ ਤਿਆਰ ਕਰਨ ਅਤੇ ਜਮ੍ਹਾਂ ਕਰਨ ਲਈ ਹੋਰ ਸਮੇਂ ਦੀ ਲੋੜ ਹੈ ਤਾਂ ਕੀ ਕਰਨਾ ਹੈ। |
| **ਵਾਚਕ:** ਲੜੀ ਦੇ ਸਾਰੇ ਚਾਰ ਵੀਡੀਓ ਦੇਖ ਕੇ, ਤੁਹਾਨੂੰ ਰਫ਼ਿਊਜੀ ਦਾਅਵੇ ਦੀ ਪ੍ਰਕਿਰਿਆ ਅਤੇ ਕਾਰਜਵਿਧੀਆਂ ਦੀ ਸਪਸ਼ਟ ਸਮਝ ਮਿਲੇਗੀ ਅਤੇ ਤੁਸੀਂ ਆਪਣੀ ਸੁਣਵਾਈ ਲਈ ਬਿਹਤਰ ਢੰਗ ਨਾਲ ਤਿਆਰ ਹੋਵੋਗੇ। |
| **ਵਾਚਕ:** ਅਤੇ ਯਾਦ ਰੱਖੋ, ਜੇਕਰ ਤੁਸੀਂ RPD ਕੋਲ ਰਫ਼ਿਊਜੀ ਦਾਅਵਾ ਕੀਤਾ ਹੈ, ਤਾਂ ਆਪਣੀ ਸੰਪਰਕ ਜਾਣਕਾਰੀ ਨੂੰ ਅੱਪ ਟੂ ਡੇਟ ਰੱਖਣਾ ਮਹੱਤਵਪੂਰਨ ਹੈ।<br><br>**ਵਾਚਕ:** ਜੇਕਰ ਤੁਸੀਂ ਘਰ ਬਦਲਦੇ ਹੋ, ਜਾਂ ਤੁਹਾਡੀ ਸੰਪਰਕ ਜਾਣਕਾਰੀ ਬਦਲ ਜਾਂਦੀ ਹੈ ਤਾਂ IRB ਨੂੰ ਲਿਖੋ, ਤਾਂ ਜੋ ਅਸੀਂ ਹਮੇਸ਼ਾ ਤੁਹਾਡੇ ਨਾਲ ਸੰਪਰਕ ਕਰ ਸਕੀਏ। |
| **ਵਾਚਕ:** ਰਫ਼ਿਊਜੀ ਦਾਅਵੇ ਦੀ ਪ੍ਰਕਿਰਿਆ ਬਾਰੇ ਨਵੀਨਤਮ ਜਾਣਕਾਰੀ ਲਈ,IRB ਦੀ ਵੈੱਬਸਾਈਟ 'ਤੇ ਜਾਓ ਜਾਂ ਆਮ ਪੁੱਛਗਿੱਛ ਲਈ ਸਾਡੇ ਟੋਲ ਫ੍ਰੀ ਨੰਬਰ 1-833-931-5121 'ਤੇ ਕਾਲ ਕਰੋ। |
| **ਵਾਚਕ:** ਤੁਸੀਂ ਸਾਡੇ, *ਸਾਡੇ ਨਾਲ ਸੰਪਰਕ ਕਰੋ* ਪੰਨੇ 'ਤੇ ਜਾਣ ਲਈ ਸਕ੍ਰੀਨ 'ਤੇ QR ਕੋਡ ਨੂੰ ਸਕੈਨ ਵੀ ਕਰ ਸਕਦੇ ਹੋ, ਜਿੱਥੇ ਤੁਹਾਨੂੰ ਦਸਤਾਵੇਜ਼ ਕਿੱਥੇ ਜਮ੍ਹਾਂ ਕਰਨੇ ਹਨ ਅਤੇ ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਸਾਡੇ ਨਾਲ ਕਿਵੇਂ ਸੰਪਰਕ ਕਰਨਾ ਹੈ ਬਾਰੇ ਜਾਣਕਾਰੀ ਮਿਲੇਗੀ। |